## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ,
(ਦ:ਨਿਗ: ਇੰਜ:/[illegible] ਪਟਿਆਲਾ).

ਵੱਲ:

1) ਸਾਰੇ ਇੰਜ:-ਇਨ-ਚੀਫ/ਜਨਰਲ ਮੈਨੇਜਰ, ਮੁੱਖ ਇੰਜ:/ਪੀਐਸਪੀਸੀਐਲ/ ਪੀਐਸਟੀਸੀਐਲ ਸਮੇਤ ਬੀਬੀਐਮਬੀ, ਬੀਬੀਐਮਬੀ ਅਤੇ ਯੂਟੀ ਚੰਡੀਗੜ੍ਹ।
2) ਮੈਂਬਰ ਪਾਵਰ, ਬੀਬੀਐਮਬੀ, ਚੰਡੀਗੜ੍ਹ।
3) ਸਕੱਤਰ/ਬੀਬੀਐਮਬੀ, ਚੰਡੀਗੜ੍ਹ।
4) ਮੁੱਖ ਆਡੀਟਰ/ਅਮਲਾ ਭਾਗ, ਪਟਿਆਲਾ।
5) ਸਾਰੇ ਉੱਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ, ਸਮੇਤ ਹਾਈਡਲ ਡਿਜ਼ਾ: ਸੰਸਥਾਂ ਪੀਐਸਪੀਸੀਐਲ/ਪੀਐਸਟੀਸੀਐਲ।
6) ਨਿਗ: ਇੰਜ: ਹਾਈਡਲ ਡੀਜ਼ਾਇਨ ਸੰਸਥਾ, ਸੈਕਟਰ 19, ਮੱਧਿਆ ਮਾਰਗ, ਚੰਡੀਗੜ੍ਹ।
7) ਭੌਂ ਪ੍ਰਾਪਤੀ ਕੁਲੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿ:।
8) ਮੁੱਖ ਲੇਖਾ ਅਫਸਰ/ਅਮਲਾ ਭਾਗ, ਪਟਿਆਲਾ।
9) ਵਿੱਤ ਮੈਨੇਜਰ ਅਤੇ ਮੁੱਖ ਲੇਖਾ ਅਫਸਰ, ਬੀਬੀਐਮਬੀ, ਨੰਗਲ ਟਾਊਨਸ਼ਿਪ।
10) ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ ਪੰ:ਸ:ਪਾ:ਕਾ:ਲਿਮ:/ ਪੰ:ਸ:ਟ:ਕਾ:ਲਿਮ:
11) ਸਾਰੇ ਉਪ ਮੁੱਖ ਆਡੀਟਰ/ ਪੰ:ਸ:ਪਾ:ਕਾ:ਲਿਮ:/ ਪੰ:ਸ:ਟ:ਕਾ:ਲਿਮ:
12) ਏ.ਡੀ.ਜੀ.ਪੀ./ਵੀ. ਐਂਡ. ਐਸ./ਪੰ:ਸ:ਪਾ:ਕਾ:ਲਿਮ: ਪਟਿਆਲਾ ।
13) ਪ੍ਰਿੰਸੀਪਲ ਟੀ.ਟੀ.ਆਈ., ਪਟਿਆਲਾ ।
14) ਸਾਰੇ ਵਿਭਾਗਾਂ ਦੇ ਮੁਖੀ ਅਤੇ ਮੈਂਡਲ ਹੈਡ, ਹੈਡ ਆਫਿਸ ਪਟਿਆਲਾ।
15) ਸਾਰੇ ਉਪ ਸਕੱਤਰ/ ਪੰ:ਸ:ਪਾ:ਕਾ:ਲਿਮ:/ ਪੰ:ਸ:ਟ:ਕਾ:ਲਿਮ:
16) ਸਾਰੇ ਲੇਖਾ ਅਫਸਰ/ ਪੰ:ਸ:ਪਾ:ਕਾ:ਲਿਮ:/ਪੰ:ਸ:ਟ:ਕਾ:ਲਿਮ:

ਮੀਮੋ ਨੰ: 5099/5800 /ਜੀ.ਐਨ-36/ਵਾ:-28/ਪਾ-31
ਮਿਤੀ : 26.7.2011 /

**ਵਿਸ਼ਾ:-** **ਮੰਡਲ ਸੁਪਰਡੈਂਟ ਤੋਂ ਹਲਕਾ ਸੁਪਰਡੈਂਟ ਅਤੇ ਉੱਚ ਸ਼੍ਰੇਣੀ ਕਲਰਕ ਤੋਂ ਹਲਕਾ ਸਹਾਇਕ / ਏ ਆਰ ਏ ਦੀ ਤਰੱਕੀ ਲਈ ਸੇਵਾ ਵੇਰਵੇ ਭੇਜਣ ਸਬੰਧੀ।**

-----

**ਹਵਾਲਾ:-** **ਇਸ ਦਫਤਰ ਦਾ ਪੱਤਰ ਨੰ: 4134/5134 ਮਿਤੀ 17.7.09, 505/1210 ਮਿਤੀ 21.5.10, 4786/5491 ਮਿਤੀ 6.12.10 ਅਤੇ 1808/2522 ਮਿਤੀ 1.4.11.**

ਇਸ ਦਫਤਰ ਦੇ ਹਵਾਲੇ ਅਧੀਨ ਦਰਸਾਏ ਪੱਤਰਾਂ ਰਾਹੀਂ ਹਲਕਾ ਸੁਪਰਡੈਂਟ, ਮੰਡਲ ਸੁਰਪਡੈਂਟ ਅਤੇ ਹਲਕਾ ਸਹਾਇਕ/ਏ ਆਰ ਏ ਦੀ ਤਰੱਕੀ ਲਈ ਯੋਗ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਲੋੜੀਂਦੇ ਦਸਤਾਵੇਜ਼ ਮੰਗੇ ਹੋਏ ਹਨ। ਇਸ ਸਬੰਧ ਵਿਚ ਯੋਗ ਕਰਮਚਾਰੀਆਂ ਦੇ ਵੇਰਵੇ ਭੇਜਣ ਲਈ ਮੁੜ ਹੇਠ ਲਿਖੇ ਅਨੁਸਾਰ ਬੇਨਤੀ ਕੀਤੀ ਜਾਂਦੀ ਹੈ :-

**<u>ਮੰਡਲ ਸੁਪਰਡੈਂਟ ਤੋਂ ਹਲਕਾ ਸੁਪਰੈਂਟ ਦੀ ਤਰੱਕੀ</u>**

ਇਸ ਦਫਤਰ ਦੇ ਪੱਤਰ ਨੰ: 4134/5134 ਮਿਤੀ 17.7.09 ਰਾਹੀਂ ਮੰਡਲ ਸੁਪਰਡੈਂਟ ਤੋਂ ਹਲਕਾ ਸੁਪਰਡੈਂਟ ਦੀ ਤਰੱਕੀ ਲਈ ਜਨਰਲ ਕੈਟਾਗਰੀ ਸੀ. ਨੰ: 500 ਤੱਕ ਅਤੇ ਅ: ਜਾਤੀ ਨਾਲ ਸਬੰਧਤ 7 ਸਾਲ ਦੀ ਸੇਵਾ ਪੁਰੀ ਕਰ ਚੁੱਕੇ ਜਾਂ ਜਿਹਨਾਂ ਦੀ ਬਤੌਰ ਮੰਡਲ ਸੁਪਰਡੈਂਟ 7 ਸਾਲ ਦੀ ਸੇਵਾ ਹੋਣ ਵਾਲੀ ਹੈ ਦੇ ਸੇਵਾ ਵੇਰਵੇ ਮੰਗੇ ਗਏ ਸਨ।

ਇਸ ਦਫਤਰ ਵਲੋਂ ਜਨਰਲ ਕੈਟਾਗਰੀ ਨਾਲ ਸਬੰਧਤ ਸੀ. ਨੰ: 448 ਅਤੇ ਅ:ਜਾਤੀ ਸੀ. ਨੰ: 2757-ਏ (ਸੀਨੀਆਰਤਾ ਬਤੌਰ ਹਲਕਾ ਸਹਾਇਕ/ਏ ਆਰ ਏ) ਤੱਕ ਯੋਗ ਕਰਮਚਾਰੀ ਪਦ ਉਨਤ ਕੀਤੇ ਜਾ ਚੁੱਕੇ ਹਨ। ਜਨਰਲ ਕੈਟਾਗਰੀ ਦੇ ਸੀ. ਨੰ: 500 ਤੱਕ ਅਤੇ ਅ: ਜਾਤੀ 7 ਸਾਲ ਦੀ ਸੇਵਾ ਪੁਰੀ ਕਰ ਚੁੱਕੇ ਜਾਂ ਨਿਕਟ ਭਵਿਖ ਵਿਚ ਪੁਰੀ ਹੋਣ ਵਾਲੇ ਕਰਮਚਾਰੀਆਂ ਦੇ ਤਾਜਾ ਸੇਵਾ ਵੇਰਵੇ ਅਤੇ ਅਨੁਸਾਸ਼ਨੀ ਕੇਸਾਂ ਬਾਰੇ ਰਿਪੋਰਟ ਪ੍ਰੋਫਾਰਮਾਂ ੳ ਅਤੇ ਅ ਤੇ ਸਮੇਤ ਲੋੜੀਂਦੇ ਦਸਤਾਵੇਜ਼ 15 ਦਿਨ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੇ ਜਾਣ ਜੀ।

ਚਲਦਾ ਪੰਨਾ--2

## ਉਚ ਸ੍ਰੇਣੀ ਕਲਰਕ ਤੋਂ ਹਲਕਾ ਸਹਾਇਕ/ਏ ਆਰ ਏ ਦੀ ਤਰੱਕੀ

ਇਸ ਦਫਤਰ ਦੇ ਹਵਾਲੇ ਅਧੀਨ ਦਰਸਾਏ ਪੱਤਰਾਂ ਰਾਹੀਂ ... ਉਚ ਸ੍ਰੇਣੀ ਕਲਰਕਾਂ ਤੋਂ ਹਲਕਾ ਸਹਾਇਕ/ਏ ਆਰ ਏ ਦੀ ਤਰੱਕੀ ਲਈ ਕੁਆਲੀਫਾਈਡ ਜਨਰਲ ਕੈਟਾਗਰੀ ਨਾਲ ਸਬੰਧਤ ਉ:ਸ੍ਰੇ: ਕਲਰਕ ਸੀਨੀ: ਨੰ: 6500 ਤੱਕ ਅਤੇ ਅਨੁ: ਜਾਤੀ ਨਾਲ ਸਬੰਧਤ ਕਰਮਚਾਰੀ ਜਿਹਨਾਂ ਨੇ 2 ਸਾਲ ਦੀ ਸੇਵਾ ਪੂਰੀ ਕਰ ਲਈ ਹੈ ਅਤੇ ਅਨਕੁਆਲੀਫਾਈਡ 20% ਕੋਟਾ ਅਸਾਮੀਆਂ ਵਿਰੁਧ ਹੇ: ਸ੍ਰੇਣੀ ਕਲਰਕ ਤੋਂ ਪਦ ਉਨਤ ਹੋਏ ਉਚ ਸ੍ਰੇਣੀ ਕਲਰਕ ਜਿਹਨਾਂ ਦੀ ਹੇ:ਸ੍ਰੇ:ਕ: ਅਤੇ ਉਚ ਸ੍ਰੇਣੀ ਕਲਰਕ ਵਜੋਂ 12 ਸਾਲ ਦੀ ਸੇਵਾ ਜਿਸ ਵਿਚ 5 ਸਾਲ ਦੀ ਸੇਵਾ ਬਤੌਰ ਉਚ ਸ੍ਰੇਣੀ ਕਲਰਕ ਹੋਵੇ ਦੇ ਸੇਵਾ ਵੇਰਵੇ ਮੰਗੇ ਗਏ ਸਨ।

ਇਸ ਦਫਤਰ ਵਲੋਂ ਜਨਰਲ ਕੈਟਾਗਰੀ ਸੀਨੀਆਰਤਾ ਨੰ: 6217 ਅਤੇ ਅ: ਜਾਤੀ ਸੀ. ਨੰ: 8044 (ਜੋ ਦਰੁਸਤ ਕਰਕੇ 8011ਏ ਕਰਨ ਲਈ ਵਿਚਾਰ ਅਧੀਨ ਹੈ) ਤੱਕ ਦੇ ਯੋਗ ਕਰਮਚਾਰੀ ਬਤੌਰ ਹਲਕਾ ਸਹਾਇਕ/ਏ ਆਰ ਏ ਪਦ ਉਨਤ ਕੀਤੇ ਜਾ ਚੁੱਕੇ ਹਨ।

ਇਸ ਪੱਤਰ ਰਾਹੀਂ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੀ ਸੰਸਥਾ ਅਧੀਨ ਤੈਨਾਤ ਕੋਈ ਵੀ ਯੋਗ ਕਰਮਚਾਰੀ ਜਿਸਦੇ ਵੇਰਵੇ ਭੇਜਣੋ ਰਹਿ ਗਏ ਹੋਣ ਜਾਂ ਕੋਈ ਵੀ ਸੀਨੀਅਰ ਕਰਮਚਾਰੀ ਪਹਿਲਾਂ ਤਰੱਕੀ ਤੋਂ ਡੈਫਰ ਇਗਨੋਰ ਕੀਤਾ ਗਿਆ ਹੋਵੇ ਅਤੇ ਹਾਲੇ ਤੱਕ ਕਿਸੇ ਵੀ ਕਾਰਣ ਪਦ ਉਨਤ ਨਾ ਹੋਇਆ ਹੋਵੇ ਜਾ ਹੁਣ ਵਿਭਾਗੀ ਲੇਖਾ ਪ੍ਰੀਖਿਆ ਪਾਸ ਹੋਣ ਤੇ ਤਰੱਕੀ ਯੋਗ ਹੋਇਆ ਹੋਵੇ ਦੇ ਸੇਵਾ ਵੇਰਵੇ ਅਤੇ ਅਨੁਸ਼ਾਸ਼ਨੀ ਕੇਸਾਂ ਬਾਰੇ ਤਾਜਾ ਰਿਪੋਰਟ ਪ੍ਰੋਫਾਰਮਾਂ ੳ ਅਤੇ ਅ ਤੇ ਸਮੇਤ ਦਸਵੀਂ ਪੱਧਰ ਦੀ ਪੰਜਾਬੀ ਪਾਸ ਕਰਨ ਦਾ ਸਬੂਤ ਅਤੇ ਅ: ਜਾਤੀ ਕਰਮਚਾਰੀਆਂ ਦਾ ਅਸਲ ਅ: ਜਾਤੀ ਸਰਟੀਫੀਕੇਟ ਸਮੇਤ ਤਸਦੀਕ ਕਾਪੀ ਪੱਤਰ ਜਾਰੀ ਹੋਣ ਦੇ 15 ਦਿਨ ਦੇ ਅੰਦਰ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਜੇਕਰ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਅਤੇ ਮੰਗੇ ਗਏ ਦਸਤਾਵੇਜ਼ ਪ੍ਰਾਪਤ ਨਾ ਹੋਣ ਜਾਂ ਲੇਟ ਪ੍ਰਾਪਤ ਹੋਣ ਕਾਰਣ ਕੋਈ ਸੀਨੀਅਰ ਕਰਮਚਾਰੀ ਤਰੱਕੀ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਤਰੱਕੀ ਵਿਚ ਦੇਰੀ ਹੁੰਦੀ ਹੈ ਤਾਂ ਉਸਦੀ ਸਾਰੀ ਜਿਮੇਵਾਰੀ ਸਬੰਧਤ ਕਰਮਚਾਰੀ ਦੀ ਆਪਣੀ ਅਤੇ ਉਸਦੇ ਤੈਨਾਤੀ ਦਫਤਰ ਦੇ ਸਬੰਧਤ ਅਧਿਕਾਰੀ/ਕਰਮਚਾਰੀ ਦੀ ਹੋਵੇਗੀ। ਬਾਅਦ ਵਿਚ ਉਹਨਾਂ ਕਰਮਚਾਰੀਆਂ ਨੂੰ ਡੀਮ ਡੇਟ ਤਰੱਕੀ ਲਈ ਵਿਚਾਰਿਆ ਨਹੀਂ ਜਾਵੇਗਾ।

ਕਰਮਚਾਰੀਆਂ ਦੇ ਸੇਵਾ ਵੇਰਵੇ ਭੇਜਦੇ ਸਮੇਂ ਇਹ ਤਸਦੀਕ ਕੀਤਾ ਜਾਵੇ ਕਿ ਉਹਨਾਂ ਦੀ ਸੰਸਥਾ ਅਧੀਨ ਕੋਈ ਵੀ ਅਜਿਹਾ ਯੋਗ ਕਰਮਚਾਰੀ ਨਹੀਂ ਰਿਹਾ ਜਿਸਦੇ ਸੇਵਾ ਵੇਰਵੇ ਅਤੇ ਲੋੜੀਂਦੇ ਦਸਤਾਵੇਜ਼ ਭੇਜਣੋ ਰਹਿ ਗਏ ਹੋਣ। ਜਿਹਨਾਂ ਦਫਤਰਾਂ ਵਲੋਂ ਪਹਿਲਾਂ ਕਰਮਚਾਰੀਆਂ ਦੇ ਤਰੱਕੀ ਲਈ ਸੇਵਾ ਵੇਰਵੇ ਭੇਜੇ ਗਏ ਹਨ ਉਹਨਾਂ ਸਾਰੇ ਕਰਮਚਾਰੀਆਂ ਦੀ ਅਨੁਸ਼ਾਸ਼ਨੀ ਕੇਸਾ ਬਾਰੇ ਤਾਜਾ ਰਿਪੋਰਟ ਭੇਜੀ ਜਾਵੇ ਅਤੇ ਇਹ ਤਸਦੀਕ ਕਰਨ ਦੀ ਖੇਚਲ ਕਰਨ ਕਿ ਉਹਨਾਂ ਦੀ ਸੰਸਥਾ ਤੋਂ ਯੋਗ ਕਰਮਚਾਰੀਆਂ ਦੇ ਸੇਵਾ ਵੇਰਵੇ ਇਸ ਦਫ਼ਤਰ ਨੂੰ ਭੇਜੇ ਜਾ ਚੁੱਕੇ ਹਨ।

ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਜਿਹੜੇ ਉਚ ਸ੍ਰੇਣੀ ਕਲਰਕ ਤਰੱਕੀ ਦੇ ਯੋਗ ਨਹੀਂ, ਲੇਖਾ ਵਿਭਾਗੀ ਪ੍ਰੀਖਿਆ ਪਾਸ ਨਾ ਕੀਤੇ ਹੋਵੇ ਉਹਨਾਂ ਦੀ ਸੂਚੀ ਸਮੇਤ ਸੀਨੀ: ਨੰਬਰ, ਜਨਮ ਮਿਤੀ ਇਸ ਦਫ਼ਤਰ ਨੂੰ ਵਖਰੇ ਤੋਰ ਤੇ ਭੇਜੀ ਜਾਵੇ ਜੀ ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ।

ਅਧੀਨ ਸਕੱਤਰ/ਜੋਨ-ਸੀ
ਵਾ: ਨਿਗ: ਇੰਜੀ:/ਪ੍ਰਸੋਨਲ,
ਪਟਿਆਲਾ